# ਪ੍ਰਵਾਸੀ ਪੰਜਾਬੀ ਅਖ਼ਬਾਰਾਂ ਦੇ ਵਿਅੰਗ-ਟੋਟਕੇ

## ਵਿਸ਼ੇਸ਼ ਲੇਖ

ਤਰਲੋਚਨ ਸਿੰਘ ਦੁਪਾਲਪੁਰ



ਕਿਸੇ ਜ਼ਮਾਨੇ ਪੰਜਾਬ ਵਿੱਚ ਛੱਪਦੀਆਂ ਪੰਜਾਬੀ ਅਖ਼ਬਾਰਾਂ ਵਿੱਚ ਵਿਅੰਗਮਈ ਟਕੋਰਾਂ ਵਾਸਤੇ ਵਿਸ਼ੇਸ਼ ਕਾਲਮ ਛੱਪਦੇ ਹੁੰਦੇ ਸੀ। ਪੰਜਾਂ ਛੇਆਂ ਸਤਰਾਂ ਰਾਹੀਂ ਕੁੱਜੇ 'ਚ ਸਮੁੰਦਰ ਬੰਦ ਕਰਨ ਦਾ ਯਤਨ ਹੁੰਦੀਆਂ ਸਨ ਇਹ ਵਿਅੰਗ-ਸੁਰ ਵਾਲੀਆਂ ਬੈਂਤਾਂ। 'ਨਿਹੰਗ ਬਾਣੀ'-'ਖੜਗਧਾਰੀ ਦੀ ਕਲਮ ਤੋਂ'-'ਡੰਗ ਤੇ ਚੋਭਾਂ'-'ਖ਼ਬਰਾਂ ਦੀ ਮੁਰੰਮਤ' ਜਾਂ 'ਅੱਜ ਵੀ ਗੱਲ' ਜਿਹੇ ਵੱਖ-ਵੱਖ ਸਿਰਲੇਖਾਂ ਥੱਲੇ ਛਪਣ ਵਾਲੇ ਇਨ੍ਹਾਂ ਕਾਲਮਾਂ ਵਿੱਚ ਕਿਸੇ ਨਾ ਕਿਸੇ ਸਿਆਸੀ ਪਾਰਟੀ ਜਾਂ ਆਗੂ ਦੀ ਚੰਗੀ ਖੁੰਬ ਠੱਪੀ ਹੁੰਦੀ ਸੀ। ਅੰਗਰੇਜ਼ੀ ਅਖ਼ਬਾਰਾਂ ਵਿੱਚ ਛੱਪਦੇ ਹਾਸਯ-ਪਦ ਕਾਰਟੂਨਾਂ ਵਾਂਗ ਪੰਜਾਬੀ ਪਾਠਕਾਂ ਲਈ ਇਹ ਵਿਅੰਗ-ਬੈਂਤ ਮਨੋਰੰਜਨ ਦਾ ਸਾਧਨ ਬਣਦੇ ਸਨ। ਖ਼ਾਸ ਕਰਕੇ ਪੇਂਡੂ ਇਲਾਕਿਆਂ ਵਿੱਚ ਤਾਂ ਹੱਟੀਆਂ ਭੱਠੀਆਂ ਉੱਪਰ ਖੁੰਢ ਬਣਾ ਕੇ ਬੈਠੇ ਪਾਠਕਾਂ ਲਈ ਇਹ ਵੱਡੀ ਖਿੱਚ ਰੱਖਦੇ ਸਨ। ਪੇਂਡੂ ਭਰਾ ਅੰਤਰਰਾਸ਼ਟਰੀ ਜਾਂ ਰਾਸ਼ਟਰੀ ਖ਼ਬਰਾਂ ਦੀਆਂ ਅਹਿਮ ਸੁਰਖ਼ੀਆਂ ਦੇਖਣ ਤੋਂ ਵੀ ਪਹਿਲਾਂ ਵਿਅੰਗ-ਕਾਲਮਾਂ ਦੀ ਚੀਰ-ਫਾੜ ਕਰਨ ਨੂੰ ਤਰਜੀਹ ਦਿੰਦੇ ਸਨ। ਹਾਸੇ ਦੀ ਪਟਾਰੀ ਵਾਲੀ ਇਸ ਸਮੱਗਰੀ ਨੂੰ ਚਟਖਾਰੇ ਲਾ-ਲਾ ਪੜ੍ਹਿਆ ਜਾਂਦਾ ਸੀ।

ਭਾਵੇਂ ਅੱਜ ਕੱਲ੍ਹ ਵੀ ਦੇਸ਼ ਦੀਆਂ ਪੰਜਾਬੀ ਅਖ਼ਬਾਰਾਂ ਕੁਝ ਬਦਲਵੇਂ ਨਾਵਾਂ ਵਾਲੇ ਵਿਅੰਗਾਂ-ਕਾਲਮਾਂ ਰਾਹੀਂ ਇਸ ਪਰੰਪਰਾ ਨੂੰ ਚਲਾਉਂਦੀਆਂ ਆ ਰਹੀਆਂ ਹਨ, ਪਰ ਬਹੁਤੇ ਸਿਆਸੀ ਆਗੂਆਂ ਵੱਲੋਂ ਬਾਹੂਬਲੀਆਂ ਦੇ ਗੁੰਡਾ ਬ੍ਰਿਗੇਡ ਪਾਲ ਰੱਖੇ ਹੋਣ ਕਰਕੇ ਕੋਈ ਵਿਰਲੇ ਹੀ ਮਾਈ ਦੇ ਲਾਲ ਪੱਤਰਕਾਰ ਹੋਣਗੇ ਜੋ 'ਬੁਰੇ ਦੇ ਘਰ ਤੱਕ' ਜਾਣ ਦਾ ਹੌਂਸਲਾ ਰੱਖ ਕੇ ਸਿਆਸਤਦਾਨਾਂ ਉੱਤੇ ਵਿਅੰਗ-ਟਿੱਪਣੀਆਂ ਕਰ ਸਕਦੇ ਹੋਣ। ਦੂਸਰਾ, ਰਾਜਸੀ ਤੇ ਪ੍ਰਸ਼ਾਸਕੀ ਦਬਦਬਾ ਵੀ ਲਿਖਾਰੀਆਂ ਨੂੰ 'ਖੁੱਲ੍ਹ ਕੇ' ਲਿਖਣ ਦੀ ਇਜਾਜ਼ਤ ਨਹੀਂ ਦਿੰਦਾ, ਪਰੰਤੂ ਵਿਦੇਸ਼ਾਂ ਵਿੱਚ ਛੱਪਣ ਵਾਲੀਆਂ ਪੰਜਾਬੀ ਅਖ਼ਬਾਰਾਂ ਦੇ ਪੈਰੀਂ ਅਜਿਹੀਆਂ ਬੇੜੀਆਂ ਨਹੀਂ ਪਈਆਂ ਹੋਈਆਂ। ਇਨ੍ਹਾਂ ਦੇ ਕਾਲਮ-ਨਵੀਸ ਆਜ਼ਾਦ ਫ਼ਿਜ਼ਾਵਾਂ ਵਿੱਚ ਉੱਚੀਆਂ, ਲੰਬੀਆਂ ਅਤੇ ਬੇਪ੍ਰਵਾਹ ਉਡਾਰੀਆਂ ਭਰਦੇ ਸਨ। ਸਮੁੱਚੇ ਦੇਸ਼ ਜਾਂ ਖ਼ਾਸ ਕਰਕੇ ਪੰਜਾਬ ਦੀ ਰਾਜਨੀਤੀ ਉੱਤੇ ਕੀਤੇ ਜਾਂਦੇ ਤਿੱਖੇ ਅਤੇ ਰੋਹੀਲੇ ਕਟਾਖਸ਼, ਅਕਸਰ ਪ੍ਰਵਾਸੀ ਪੰਜਾਬੀਆਂ ਨੂੰ ਹਸਾ-ਹਸਾ ਕੇ ਲੋਟ-ਪੋਟ ਵੀ ਕਰਦੇ ਹਨ ਅਤੇ ਧੁਰ ਅੰਦਰੋਂ ਸੋਚਣ-ਪਰਖਣ ਲਈ ਵੀ ਮਜ਼ਬੂਰ ਕਰਦੇ ਹਨ।

ਆਪਣੇ ਦੇਸ ਵਿਦੇਸ਼ ਦੇ ਪੰਜਾਬੀ ਪਾਠਕਾਂ ਦੀ ਨਜ਼ਰੇ-ਖ਼ਿਦਮਤ ਕੁਝ ਚੋਣਵੇਂ 'ਪ੍ਰਵਾਸੀ ਵਿਅੰਗ' ਰੱਖਣ ਜਾ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਇਨ੍ਹਾਂ ਟੋਟਕਿਆਂ ਨੂੰ ਵੱਡੀ ਦਿਲਚਸਪੀ ਨਾਲ ਪੜ੍ਹਿਆ ਜਾਵੇਗਾ। ਹੁਣੇ-ਹੁਣੇ ਸੌੜੀ ਸਿਆਸਤ ਅਤੇ ਸੰਤ ਯੂਨੀਅਨ ਦੀ ਕਰੋਪੀ ਦਾ ਸ਼ਿਕਾਰ ਬਣੇ ਨਾਨਕਸ਼ਾਹੀ ਕੈਲੰਡਰ ਦੀ ਰੂਹ ਦਾ ਕਤਲ ਹੋਣ ਬਾਅਦ ਇਹ ਖ਼ਬਰ ਛਪੀ ਕਿ ਕਥਿਤ ਸੋਧੇ ਹੋਏ ਕੈਲੰਡਰ ਦਾ ਪੰਜਾਬ ਦੇ ਕੁੱਝ ਉੱਘੇ ਸੰਤਾਂ ਨੇ ਸਵਾਗਤ ਕੀਤਾ ਹੈ। 'ਮੂੰਹੋਂ ਨਿਕਲੀ ਗੱਲ' ਦੇ ਸਿਰਲੇਖ ਅਧੀਨ ਇੱਕ ਕਾਲਮ-ਨਵੀਸ ਨੇ ਇਸ ਖ਼ਬਰ 'ਤੇ ਟਿੱਪਣੀ ਕਰਦਿਆਂ ਹੋਇਆਂ ਲਿਖਿਆ-

''ਬਾਬਿਓ! ਹੁਣ ਬਾਹਰਲੇ ਸਿੱਖਾਂ ਤੋਂ 'ਆਪਣਾ ਸਵਾਗਤ' ਕਰਵਾਉਣ ਲਈ ਵੀ ਜ਼ਰਾ 'ਤਿਆਰੀ ਕਰ ਕੇ' ਆਇਓ।''

ਪਿੱਛੇ ਜਿਹੇ ਪੰਜਾਬ ਦੇ ਇੱਕ ਸ਼ਹਿਰ ਦੀਆਂ ਸੰਸਥਾਵਾਂ ਨੇ 'ਬਾਦਲ ਸਰਕਾਰ' ਦੇ ਇੱਕ ਮੰਤਰੀ ਨੂੰ 'ਸੰਤ-ਸਿਪਾਹੀ ਐਵਾਰਡ' ਨਾਲ ਸਨਮਾਨਿਤ ਕੀਤਾ। ਇਨ੍ਹਾਂ ਸੰਸਥਾਵਾਂ ਅਤੇ ਮੰਤਰੀ ਜੀ ਦਾ ਨਾਂ ਪਤਾ ਲਿਖ ਕੇ ਇੱਕ ਲਿਖਾਰੀ ਨੇ ਤੋੜਾ ਝਾੜਿਆ, ਅਖੇ, ਸਨਮਾਨਿਆ ਗਿਆ ਮੰਤਰੀ ਜੀ, 'ਸੰਤ' ਤਾਂ ਹੋਣੈ ਮਾਨ ਸਿੰਘ ਪਿਹੋਵੇ ਵਾਲੇ ਵਰਗਾ ਅਤੇ 'ਸਿਪਾਹੀ' ਹੋਣੈ ਕਿਸੇ ਹੋਮ ਗਾਰਡੀਏ ਵਰਗਾ! ... ਕੈਨੇਡਾ ਦੇ ਕਿਸੇ ਗੁਰਦੁਆਰਾ ਸਾਹਿਬ ਦੇ ਦਫ਼ਤਰੋਂ ਖ਼ਰਚੇ ਦੀਆਂ ਰਸੀਦਾਂ 'ਗੁੰਮ' ਹੋ ਜਾਣ ਦੀ ਖ਼ਬਰ ਬਾਰੇ ਇਹ ਵਿਅੰਗ ਕੱਸਿਆ ਗਿਆ- 'ਇਹ ਰਸੀਦਾਂ ਕੋਕੋ ਲੈ ਗਈ ਹੋਣੀ ਏ!'

ਜਿਨ੍ਹਾਂ ਦਿਨਾਂ ਵਿੱਚ ਸੁਖਬੀਰ ਬਾਦਲ ਹਾਲੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਨਹੀਂ ਸਨ ਬਣੇ। ਅਟਕਲਾਂ ਚੱਲ ਰਹੀਆਂ ਸਨ ਕਿ ਫਲਾਣੇ-ਫਲਾਣੇ ਹਲਕੇ ਤੋਂ ਉਨ੍ਹਾਂ ਨੂੰ ਚੋਣ ਲੜਾਈ ਜਾ ਸਕਦੀ ਹੈ। ਇਨ੍ਹਾਂ ਦਿਨਾਂ ਵਿੱਚ ਇੱਕ ਬਜ਼ੁਰਗ ਤੇ ਸੀਨੀਅਰ ਅਕਾਲੀ ਐੱਮ. ਐੱਲ. ਏ. ਨੇ ਪੇਸ਼ਕਸ਼ ਕਰ ਮਾਰੀ ਅਖੇ ਮੈਂ ਸ. ਬਾਦਲ ਲਈ ਸੀਟ ਖ਼ਾਲੀ ਕਰਨ ਵਾਸਤੇ ਵਿਧਾਨ ਸਭਾ ਤੋਂ ਅਸਤੀਫ਼ਾ ਦੇਣ ਨੂੰ ਤਿਆਰ ਹਾਂ, ਬੱਸ ਹੁਕਮ ਹੋਣਾ ਚਾਹੀਦੈ! ਇੱਕ ਸੰਪਾਦਕ ਨੇ ਇਸ ਐੱਮ. ਐੱਲ. ਏ. ਨੂੰ ਨਿਹੋਰਾ ਮਾਰਦਿਆਂ ਆਖਿਆ-''ਜੱਥੇਦਾਰੋ! ਚਮਚਾਗਿਰੀ ਕਰਨ ਤੋਂ ਪਹਿਲਾਂ ਜ਼ਰਾ ਆਪਣੀ ਧੌਲੀ ਦਾਹੜੀ ਵੱਲ ਵੀ ਦੇਖ ਲਿਆ ਕਰੋ!!

ਪਿਛਲੇ ਵਰ੍ਹੇ ਬਾਦਲ-ਦਲ ਪੱਖੀ ਫੈਡਰੇਸ਼ਨ ਦੇ ਇੱਕ ਧੜੇ ਨੇ ਐਲਾਨ ਕੀਤਾ ਸੀ ਕਿ ਅਸੀਂ ਪੰਜਾਬ ਦੀਆਂ ਮੰਗਾਂ ਬਾਰੇ 'ਰੇਲ ਰੋਕੋ' ਅੰਦੋਲਨ ਚਲਾ ਕੇ ਰੇਲਵੇ ਲਾਈਨਾਂ 'ਤੇ ਧਰਨੇ ਮਾਰਾਂਗੇ। ਇਸ ਬਿਆਨ ਦਾ ਮਖ਼ੌਲ ਉਡਾਉਂਦਿਆਂ ਇੱਕ ਲੇਖਕ ਨੇ ਤੀਰ ਛੱਡਿਆ-''ਜਿਨ੍ਹਾਂ ਰੇਲਵੇ ਲਾਈਨਾਂ 'ਤੇ ਇਹ 'ਫੈਡਰੇਸ਼ਨੀਏ ਆਗੂ' ਧਰਨਾ ਮਾਰ ਕੇ ਬੈਠੇ ਹੋਣ, ਰੱਬ ਕਰਕੇ ਉੱਥੇ ਡਰਾਈਵਰ ਗੱਡੀ ਨਾ ਰੋਕੇ, ਤਾਂ ਕਿ ਪੰਥ ਦੇ ਗਲੋਂ ਘੱਟ ਤੋਂ ਘੱਟ ਇਹ ਬਲਾਵਾਂ ਤਾਂ ਲੱਥ ਜਾਣ!!

ਅਮਰੀਕਾ ਵਿੱਚ ਇੱਕ ਖ਼ਬਰ ਛਪੀ ਕਿ ਕਿਸੇ ਗੁਰਦੁਆਰਾ ਸਾਹਿਬ ਵਿੱਚ ਇਸ ਵਹਿਮ ਕਰਕੇ ਦੁੱਧ ਵਰਤਣ 'ਤੇ ਪਾਬੰਦੀ ਲਗਾ ਦਿੱਤੀ ਗਈ ਕਿ ਇਹ (ਦੁੱਧ) ਵੀ ਇੱਕ ਤਰ੍ਹਾਂ ਦਾ 'ਮਾਸ' ਹੀ ਹੁੰਦਾ ਹੈ। ਇੱਕ ਅਖ਼ਬਾਰ ਦਾ ਵਿਅੰਗ ਦੇਖੋ- 'ਵਾਹ ਭਾਈ ਵਾਹ! ਕੇਲੇ ਨੂੰ ਵੀ ਧੋ-ਧੋ ਕੇ ਖਾਣ ਵਾਲੇ ਅਤੇ ਸਾਬਣ ਛੱਡ ਕੇ ਰੇਤੇ ਨਾਲ ਕੂਹਣੀਆਂ ਤੱਕ ਬਾਹਾਂ ਮਾਂਜਣ ਵਾਲੇ ਇਹੋ ਜਿਹੇ 'ਕਾਰਨਾਮੇ' ਹੀ ਕਰਨਗੇ!!'

ਆਮ ਰੁਟੀਨ ਵਿੱਚ ਹੀ ਕਿਤੇ ਵੱਡੇ ਬਾਦਲ ਜੀ ਨੇ ਬਿਆਨ ਦਾਗਿਆ ਹੋਵੇਗਾ ਕਿ ਗ਼ਰੀਬੀ ਹਟਾਉਣ ਲਈ ਗ਼ਰੀਬਾਂ ਨੂੰ ਹੀ 'ਅੱਗੇ ਆਉਣਾ' ਪਵੇਗਾ। ਫ਼ਨੀਅਰ ਸੱਪ ਦੇ ਡੰਗ ਵਰਗੀ ਕਿਸੇ ਲੇਖਕ ਨੇ ਟਿੱਪਣੀ ਕੀਤੀ-''ਕਾਹਦੇ ਅੱਗੇ...ਗੱਡੀ ਦੇ?'' ਬਾਦਲ ਸਾਹਿਬ ਦੀ ਹੀ ਇੱਕ ਹੋਰ ਸੁਣੋ। ਪੰਜਾਬ ਵਿਧਾਨ ਸਭਾ ਦੇ ਜਿਸ ਸੈਸ਼ਨ ਵਿੱਚ ਅਕਾਲੀ ਕਾਂਗਰਸੀ ਵਿਧਾਨਕਾਰ ਆਪੋ-ਵਿੱਚੀਂ ਪੱਗੋ ਲੱਥੀ ਹੋਏ ਸਨ। ਉਸ ਵਿੱਚ ਬੀਬੀ ਭੱਠਲ ਵੱਲੋਂ ਲਗਾਏ ਜਾ ਰਹੇ ਕਿਸੇ ਇਲਜ਼ਾਮ ਨੂੰ ਰੱਦ ਕਰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਸੀ ਕਿ ਮੈਂ ਹਰਿਮੰਦਰ ਸਾਹਿਬ ਦੀ ਸਹੁੰ ਚੁੱਕ ਕੇ ਕਹਿੰਦਾ ਹਾਂ, ਮੇਰਾ ਫਲਾਣੇ ਦੋਸ਼ ਵਿੱਚ ਕੋਈ ਰੋਲ ਨਹੀਂ ਹੈ। 'ਤਿਰਛੀ ਨਜ਼ਰ' ਦੇ ਕਾਲਮ-ਨਵੀਸ ਨੇ ਤਿੱਖੀ ਚੋਟ ਮਾਰੀ-''ਬਾਦਲ ਸਾਹਿਬ! ਜੇ ਤੁਸੀਂ ਹਰਿਦੁਆਰ ਜਾਂ ਸੋਮਨਾਥ ਦੇ ਮੰਦਰ ਦੀ ਸਹੁੰ ਚੁੱਕਦੇ, ਤਾਂ ਕੋਈ ਯਕੀਨ ਵੀ ਕਰ ਲੈਂਦਾ!''

ਸੱਚੇ ਸੌਦੇ ਅਤੇ ਆਸ਼ੂਤੋਸ਼ੀਆਂ ਜਿਹੇ ਡੇਰੇਦਾਰਾਂ ਵਿਰੁੱਧ ਸੰਘਰਸ਼ ਕਰ ਰਹੀਆਂ ਸਿੱਖ ਜੱਥੇਬੰਦੀਆਂ ਨੇ ਬਾਦਲ ਪਰਿਵਾਰ ਵੱਲੋਂ ਸਿੱਖ ਸਿਧਾਂਤਾਂ ਦੀ ਕੀਤੀ ਜਾ ਰਹੀ ਤੌਹੀਨ ਬਾਰੇ ਕੱਚਾ ਚਿੱਠਾ ਤਿਆਰ ਕੀਤਾ। ਉਨ੍ਹਾਂ ਬੜੇ ਦਾਅਵੇ ਨਾਲ ਅਖ਼ਬਾਰਾਂ ਨੂੰ ਜਾਣਕਾਰੀ ਦਿੱਤੀ ਕਿ ਅਸੀਂ ਸਬੂਤਾਂ ਸਮੇਤ ਇਹ ਫਹਿਰਿਸਤ ਫਲਾਣੇ ਸਿੰਘ ਸਾਹਿਬ ਜੀ ਨੂੰ ਸੌਂਪ ਦਿੱਤੀ ਹੈ। ਜਿਨ੍ਹਾਂ ਸਾਡੀਆਂ ਗੱਲਾਂ ਨੂੰ ਪੂਰੇ ਗੌਰ ਨਾਲ ਸੁਣਿਆ। ਇੱਕ ਪ੍ਰਵਾਸੀ ਅਖ਼ਬਾਰ ਨੇ ਇਸ ਪ੍ਰਸੰਗ 'ਤੇ ਵਿਅੰਗ-ਬਾਣ ਛੱਡਿਆ-'ਬੋਲੇ ਅੱਗੇ ਗਾਵੀਐ ਭੈਰਉ ਸੋ ਗਉੜੀ!-ਸਿੱਧਾ ਕਿਉਂ ਨਹੀਂ ਕਹਿੰਦੇ ਕਿ ਝੋਟੇ ਮੋਹਰੇ ਬੀਨ ਵਜਾ ਆਏ ਹਾਂ!!'

ਅਮਰੀਕਾ ਦੇ ਇੱਕ ਸ਼ਹਿਰ ਵਿੱਚ ਪੱਬ ਮੋਹਰੇ ਖੜ੍ਹੇ ਸੁਰੱਖਿਆ ਗਾਰਡਾਂ ਨੇ ਕਿਸੇ ਕਾਰਨ ਇੱਕ ਦਸਤਾਰ ਵਾਲੇ ਸਿੱਖ ਨੌਜਵਾਨ ਨੂੰ ਅੰਦਰ ਜਾਣ ਦੀ ਇਜਾਜ਼ਤ ਨਾ ਦਿੱਤੀ। ਕਈ ਅਖ਼ਬਾਰਾਂ ਨੇ ਬਿਨਾਂ ਕਿਸੇ ਤਹਿਕੀਕਾਤ ਦੇ ਇਸ ਘਟਨਾ ਨੂੰ 'ਨਸਲੀ ਵਿਤਕਰੇ' ਦੇ ਰੰਗ ਵਿੱਚ ਛਾਪ ਦਿੱਤਾ। ਸਿੱਖ ਹਿੱਤਾਂ ਦੇ ਪਹਿਰੇਦਾਰ ਵਜੋਂ ਜਾਣੀ ਜਾਂਦੀ ਇੱਕ ਅਖ਼ਬਾਰ ਨੇ ਇਸ 'ਵਿਤਕਰੇ' ਬਾਰੇ ਲਿਖਿਆ-'ਗਾਰਡਾਂ ਨੇ ਚੰਗਾ ਹੀ ਕੀਤਾ, ਪੱਗ ਵਾਲੇ ਨੂੰ ਪੱਬਾਂ 'ਚ ਜਾਣਾ ਸ਼ੋਭਾ ਦਿੰਦੈ? ...ਅੰਦਰ ਕਿਹੜਾ ਕੀਰਤਨ-ਦਰਬਾਰ ਹੁੰਦਾ ਸੀ? ਜਿਹੜਾ ਅਸੀਂ ਗੁੱਸਾ ਕਰੀਏ!'

ਇੰਗਲੈਂਡ ਵਿੱਚ ਮਹਾਰਾਜਾ ਦਲੀਪ ਸਿੰਘ ਦੀ ਜੁੱਤੀ ਅਠਾਰਾਂ ਹਜ਼ਾਰ ਪੌਂਡਾਂ ਵਿੱਚ ਨਿਲਾਮ ਹੋਣ ਦੀ ਖ਼ਬਰ 'ਤੇ 'ਤਿਰਛੀ ਨਜ਼ਰ' ਵਾਲੇ ਲਿਖਾਰੀ ਨੇ ਟਿੱਪਣੀ ਕੀਤੀ-'ਇੱਕ ਇਹ ਸ਼ਹਿਜ਼ਾਦੇ ਨੇ ਜਿਨ੍ਹਾਂ ਦੀਆਂ ਜੁੱਤੀਆਂ ਦੇ ਵੀ ਮੁੱਲ ਪੈਂਦੇ ਨੇ!.... ਇੱਕ ਇਹ ਸ਼ਹਿਜ਼ਾਦੇ ਨੇ ਜਿਨ੍ਹਾਂ ਦੀਆਂ ਜੁੱਤੀਆਂ ਦੇ ਵੀ ਮੁੱਲ ਪੈਂਦੇ ਨੇ!.... ਇੱਕ ਉਹ ਗੱਦਾਰ ਹੋਏ ਨੇ ਧਿਆਨ ਸਿੰਹੁ ਤੇ ਗੁਲਾਬ ਸਿੰਹ ਡੋਗਰੇ, ਜਿਨ੍ਹਾਂ ਨੂੰ ਕੋਈ ਆਪਣੀ ਜੁੱਤੀ ਦੇ ਬਰਾਬਰ ਵੀ ਨਹੀਂ ਸਮਝਦਾ!!'

ਆਸ਼ੂਤੋਸ਼ ਮਾਮਲੇ 'ਤੇ ਲੁਧਿਆਣੇ ਹੋਏ ਗੋਲੀ-ਕਾਂਡ ਤੋਂ ਬਾਅਦ ਪੰਜਾਬ ਵਿੱਚ ਕਈ ਥਾਈਂ ਜਾਗਦੀ ਜ਼ਮੀਰ ਵਾਲੇ ਸਿੱਖਾਂ ਨੇ ਬਾਦਲ ਸਰਕਾਰ ਵਿਰੁੱਧ ਰੋਸ ਮੁਜ਼ਾਹਰੇ ਕਰਦਿਆਂ ਬਿਆਨ ਦਿੱਤੇ ਕਿ ਸਾਨੂੰ ਧਰਮ ਪਹਿਲਾਂ ਹੈ, ਪਾਰਟੀ ਬਾਅਦ ਵਿੱਚ! ਇਸ ਖ਼ਬਰ 'ਤੇ ਇੱਕ ਅਮਰੀਕਨ ਪੰਜਾਬੀ ਅਖ਼ਬਾਰ ਦੇ ਪੱਤਰਕਾਰ ਨੇ 'ਚੁਟਕੀ' ਲਈ- 'ਹੇ ਵਾਹਿਗੁਰੂ! ਵਿਦੇਸ਼ਾਂ ਵਿੱਚ ਵੱਸਦੇ ਬਾਦਲ ਦਲੀਆਂ ਦੀ ਜ਼ਮੀਰ 'ਚ ਵੀ ਕੋਈ ਅਣਖ ਦੀ ਕਣੀ ਭਰਦੇ!'

ਪੰਜਾਬ ਵਿੱਚ ਕੁਝ ਸਿੱਖ ਸਿਆਸੀ ਦਲਾਂ ਵੱਲੋਂ ਸੰਤ ਭਿੰਡਰਾਂਵਾਲਿਆਂ ਦੇ ਪੋਸਟਰ ਤੇ ਸਟਿੱਕਰ ਵੰਡਣ ਵਿਰੁੱਧ, ਬੇਲੋੜੀ ਤੈਸ਼ 'ਚ ਆਉਂਦਿਆਂ ਸ਼ਿਵ ਸੈਨਾ ਵਾਲਿਆਂ ਨੇ ਲਾਂਬੂ-ਲਾਊ ਆਦਤ ਤੋਂ ਮਜਬੂਰ ਹੋ ਕੇ, ਜਨਰਲ ਵੈਦਿਆ ਦੇ ਨਿੱਕੇ-ਨਿੱਕੇ ਸਟਿੱਕਰ ਵੰਡਣੇ ਸ਼ੁਰੂ ਕਰ ਦਿੱਤੇ। ਜਿਨ੍ਹਾਂ ਉੱਤੇ ਬੇਹੂਦਾ ਢੰਗ ਨਾਲ ਲਿਖਿਆ ਹੋਇਆ ਸੀ-'ਜਦ ਖੰਘੇ ਸੀ ਤਾਂ ਟੰਗੇ ਸੀ'... ਕੈਨੇਡਾ ਦੀ ਇੱਕ ਪੰਜਾਬੀ ਅਖ਼ਬਾਰ ਨੇ ਇਸ ਫ਼ਿਕਰੇ ਨਾਲ ਇੱਕ ਸਤਰ ਹੋਰ ਜੋੜਨ ਦਾ 'ਕੀਮਤੀ ਸੁਝਾਅ' ਦਿੱਤਾ-'....ਸਿੱਖਾਂ ਨਾਲ ਲਏ ਪੰਗੇ ਸੀ, ਤਾਂ ਮਹੀਨੇ ਕੁਝ ਕੁ ਹੀ ਲੰਘੇ ਸੀ!'

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਹਾਊਸ ਦੀਆਂ ਆਮ ਚੋਣਾਂ ਮੌਕੇ ਸਰਨਾ ਭਰਾਵਾਂ ਨੇ ਬਾਦਲ ਦਲ ਦੀਆਂ ਚੰਗੀਆਂ ਗੋਡਣੀਆਂ ਲੁਆਈਆਂ। ਅੱਡੀ ਚੋਟੀ ਦਾ ਜ਼ੋਰ ਲਾ ਕੇ ਜਿਹੜੇ ਮੈਂਬਰ ਜਿੱਤੇ ਵੀ, ਉਹ ਵੀ ਸਾਰੇ ਅਕਾਸ਼ 'ਚੋਂ ਟੁੱਟਦੇ ਤਾਰੇ ਵਾਂਗ ਸਰਨਿਆਂ ਦੀ ਝੋਲੀ ਵਿੱਚ ਆਣ ਡਿੱਗੇ। ਬਾਦਲ ਦਲ ਦੀ ਦਿੱਲੀ ਵਾਲੀ ਦੁਰਗਤੀ ਬਾਰੇ ਅਮਰੀਕਨ ਅਖ਼ਬਾਰ ਦੇ 'ਠਾਹ-ਸੋਟਾ' ਕਾਲਮ 'ਚ ਇਹ ਸਤਰਾਂ ਛਪੀਆਂ-

'ਸ਼ਾਹ ਮੁਹੰਮਦਾ ਦਿੱਲੀ ਵਿੱਚ ਬਾਦਲਾਂ ਦੀ,
ਫੱਟੀ ਪੋਚ ਕੇ ਰੱਖ'ਤੀ ਸਰਨਿਆਂ ਨੇ!

* * * * * *


## ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ
## ਪੰਜਾਬ ਟਾਈਮਜ਼ ਨੂੰ ਹਮੇਸ਼ਾ ਯਾਦ ਰੱਖੋ

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਲਿਫ਼ਾਫ਼ੇ, ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਸਸਤੇ ਭਾਅ 'ਤੇ ਛਾਪਦੇ ਹਾਂ

ਆਪਣੇ ਬਿਜਨੈਸ ਨਾਲ ਸਬੰਧਿਤ ਕਿਸੇ ਵੀ ਆਕਾਰ ਦੇ ਲਿਫ਼ਾਫ਼ੇ, ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਛਪਵਾਉਣ ਲਈ ਹੇਠਾਂ ਦਿੱਤੇ ਨੰਬਰ 'ਤੇ ਸੰਪਰਕ ਕਰੋ।

**We are specialists in Envelope Printing, For any kind of Small or Large, any size of Envelopes, Posters, Books and Megazines printing call us**

## Specialist in Full Colour and all other Commercial Printing

## PANJAB TIMES
21 COTTON BROOK ROAD, DERBY. DE23 8JY (UK)
TEL: 01332 372851
FAX: 01332 372833
*Email: Panjabtimes@aol.com*